## ਪੰਜਾਬ ਸਕੂਲ ਸਿੱਖਿਆ ਬੋਰਡ

ਵੱਲੋਂ

ਸਕੱਤਰ,
ਪੰਜਾਬ ਸਕੂਲ ਸਿੱਖਿਆ ਬੋਰਡ,
ਮੋਹਾਲੀ।

ਵੱਲ

ਸਮੂਹ ਸਕੂਲ ਮੁੱਖੀ,
ਪੰਜਾਬ।

ਨੰਬਰ: 59/ਸ.ਸ (ਸਰਟੀ.) ਮਿਤੀ:- 17/4/15

ਵਿਸ਼ਾ :- ਬੋਰਡ ਵੱਲੋਂ ਗਠਿਤ ਕਮੇਟੀ ਦੁਆਰਾ ਕੀਤੀਆਂ ਜਾਂਦੀਆਂ ਸੋਧਾਂ ਲਈ ਹਦਾਇਤਾਂ ਵਿੱਚ ਕੀਤੇ ਬਦਲਾਵ ਸਬੰਧੀ।

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਦਫਤਰ ਵੱਲੋਂ ਵਿਸ਼ਾ ਅਧੀਨ ਸੋਧਾਂ ਦੇ ਸਬੰਧ ਵਿੱਚ ਪਹਿਲਾਂ ਜਾਰੀ ਹਦਾਇਤਾਂ ਵਿੱਚ ਬਦਲਾਵ ਕੀਤਾ ਹੈ। ਸੋਧੀਆਂ ਹਦਾਇਤਾਂ ਅਨੁਸਾਰ ਪ੍ਰਾਰਥੀ ਵੱਲੋਂ ਸੋਧ ਸਬੰਧੀ ਅਪਲਾਈ ਕਰਨ ਤੋਂ ਪਹਿਲਾਂ ਸਕੂਲ ਰਿਕਾਰਡ ਵਿੱਚ ਸੋਧ ਕਰਵਾਉਣਾ ਲਾਜਮੀ ਕੀਤਾ ਗਿਆ ਹੈ। ਇਸ ਲਈ ਆਪ ਜੀ ਨੂੰ ਬੇਨਤੀ ਹੈ ਕਿ ਪ੍ਰਾਰਥੀ ਦਾ ਫਾਰਮ ਤਸਦੀਕ ਕਰਨ ਤੋਂ ਪਹਿਲਾਂ ਜਨਮ ਸਰਟੀਫਿਕੇਟ ਅਧਾਰਤ ਸੋਧ ਹਦਾਇਤਾਂ ਦੇ ਲੜੀ ਨੰ:5 ਵਿੱਚ ਦਰਸਾਏ ਅਨੁਸਾਰ ਸਕੂਲ ਰਿਕਾਰਡ ਵਿੱਚ ਸੋਧ ਕਰਨ ਉਪਰੰਤ ਹੀ ਫਾਰਮ ਤਸਦੀਕ ਕੀਤਾ ਜਾਵੇ। ਸੋਧ ਸਬੰਧੀ ਅੰਤਿਮ ਨਿਰਣਾ ਕਮੇਟੀ ਵੱਲੋਂ ਲਿਆ ਜਾਵੇਗਾ, ਜਿਸਦੀ ਪ੍ਰੋੜਤਾ ਨਿਰਨੇ ਉਪਰੰਤ ਹੀ ਕੀਤੀ ਜਾਵੇਗੀ। ਨਵੀਆਂ ਹਦਾਇਤਾਂ/ ਹਲਫੀਆ ਬਿਆਨ/ ਚੈੱਕਲਿਸਟ ਦੀ ਕਾਪੀ ਆਪਜੀ ਦੀ ਜਾਣਕਾਰੀ ਹਿੱਤ ਨੱਥੀ ਕੀਤੀ ਜਾਂਦੀ ਹੈ, ਜੋ ਬੋਰਡ ਦੀ ਵੈਬਸਾਈਟ www.pseb.ac.in ਤੇ ਵੀ ਉਪਲੱਬਧ ਹਨ।

ਉਤਾਰਾ ਨਿਮਨਲਿਖਤ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਸਮੂਹ ਜਿਲਾ ਸਿੱਖਿਆ ਅਫਸਰ
2. ਸਮੂਹ ਮੈਨੇਜਰ, ਖੇਤਰੀ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ
3. ਇੰਚਾਰਜ ਐਫੀਲੀਏਸ਼ਨ/ ਐਸੋਸੀਏਸ਼ਨ

ਸਹਾਇਕ ਸਕੱਤਰ (ਸਰਟੀਫਿਕੇਟ) 17/4/15
ਵਾਸਤੇ ਸਕੱਤਰ